ਸੇਵਾ ਵਿਖੇ,

1) ਮੁੱਖ ਸਕੱਤਰ ਗ੍ਰਹਿ ਪੰਜਾਬ ਚੰਡੀਗੜ੍ਹ।
2) ਡਾਇਰੈਕਟਰ ਜਨਰਲ ਪੁਲਿਸ ਪੰਜਾਬ ਚੰਡੀਗੜ੍ਹ।
3) ਵਧੀਕ ਡਾਇਰੈਕਟਰ ਜਨਰਲ ਪੁਲਿਸ ਇੰਟੈਲੀਜੈਂਸ ਪੰਜਾਬ ਚੰਡੀਗੜ੍ਹ।
4) ਵਧੀਕ ਡਾਇਰੈਕਟਰ ਜਨਰਲ ਪੁਲਿਸ ਕੰਪਿਊਟਰ ਐਂਡ ਵਾਇਰਲੈਸ ਪੰਜਾਬ ਚੰਡੀਗੜ੍ਹ।

ਵਿਸ਼ਾ- **ਰੋਸ ਵਜੋ ਅਸਤੀਫਾ ਦੇਣ ਸਬੰਧੀ।**

ਮੈ ਮਹਿਕਮਾ ਪੁਲਿਸ ਦੇ ਵਾਇਰਲੈਸ ਵਿੰਗ ਵਿੱਚ ਮਿਤੀ 26-6-1989 ਨੂੰ ਬਤੌਰ ਏ ਐਸ ਆਈ ਭਰਤੀ ਹੋਇਆ ਸੀ,ਉਸ ਵਕਤ ਮਹਿਕਮੇ ਵਿੱਚ ਤਾਇਨਾਤ ਇੱਕ ਸਿਪਾਹੀ ਵਿਭੋਰ ਕੁਮਾਰ ਨੰਬਰ 1073/ਵ ਅਤੇ ਏ ਐਸ ਆਈ ਕੁਲਦੀਪ ਸਿੰਘ ਨੰਬਰ 725/ਵ ਜਿਹਨਾ ਨੂੰ ਉਸ ਸਮੇ ਦੇ ਡੀ ਜੀ ਪੀ ਨੇ ਸਾਰੇ ਕਾਇਦੇ ਕਾਨੂੰਨ ਛਿੱਕੇ ਟੰਗ ਕੇ ਹਰ ਤਰਾ ਦੀ ਰਿਆਇਤ ਭਾਵ ਪੀ ਪੀ ਅਰ ਦੇ ਫਿਕਰਾ 31.21 ਲਗਾ ਕੇ ਇਹਨਾ ਨੂੰ ਸਾਲ 1995 ਵਿੱਚ ਏ ਐਸ ਆਈ ਸਾਲ 2001 ਵਿੱਚ ਇੰਟੈਲੀਜੈਂਸ ਵਿੱਚ ਬਤੌਰ ਅਡਹਾਕ ਐਸ ਆਈ ਬਣਾਇਆ ਅਤੇ ਬਾਅਦ ਵਿੱਚ ਨਜਾਇਜ ਤਾਕਤ ਦਾ ਇਸਤਮਾਲ ਕਰਦੇ ਹੋਏ ਇਹਨਾ ਨੂੰ ਇੰਸਪੈਕਟਰ ਬਣਾਕੇ ਪਟਿਆਲਾ ਰੇਜ਼ ਅਲਾਟ ਕਰਵਾ ਦਿੱਤੀ ਅਤੇ ਅਲੱਗ-ਅਲੱਗ ਥਾਣਿਆ ਵਿੱਚ ਐਸ ਐਚ ਓ ਲਗਵਾ ਦਿੱਤਾ।ਜਿਸ ਤੋ ਬਾਅਦ ਇਹਨਾ ਦੇ ਖਿਲਾਫ ਮਾਨਯੋਗ ਹਾਈਕੋਰਟ ਵਿੱਚ ਰਿੱਟ ਨੰਬਰ 18254/2005 ਪਾਈ ਗਈ ਸੀ, ਤੇ ਇਸ ਦਾ ਫੈਸਲਾ ਦਿੰਦੇ ਹੋਏ ਮਾਨਯੋਗ ਹਾਈਕੋਰਟ ਨੇ ਇਹਨਾ ਨੂੰ ਆਪਣੇ ਪਿਤਰੀ ਵਿਭਾਗ ਅਤੇ ਅਸਲ ਰੈਂਕ ਭਾਵ ਏ ਐਸ ਆਈ ਤੇ ਹਾਜਰੀ ਪਵਾਉਣ ਸਬੰਧੀ ਹੁਕਮ ਪਾਸ ਕੀਤੇ ਅਤੇ ਰਿੱਟ ਦੇ ਜਵਾਬ ਵਿੱਚ ਡੀ ਜੀ ਪੀ ਦਫਤਰ ਨੇ ਆਪਣੀ ਗੱਲਤੀ ਮੰਨਦੇ ਹੋਏ ਇਹਨਾ ਨੂੰ ਬਤੌਰ ਏ ਐਸ ਆਈ ਮਹਿਕਮਾ ਵਾਇਰਲੈਸ ਜੁਆਇੰਨ ਕਰਵਾ ਦਿੱਤਾ।(ਰਿਟ ਪਟੀਸ਼ਨ ਨੰਬਰ 18254/2005) ਕਾਪੀ ਨਾਲ ਨੱਥੀ ਹੈ।

ਫਿਰ ਹੁਣ ਇਹਨਾ ਨੂੰ ਹਾਈਕੋਰਟ ਦੇ ਹੁਕਮਾ ਦੀਆ ਧੱਜੀਆ ਉਡਾਉਦੇ ਹੋਏ ਉਕਤ ਵਿਭੋਰ ਕੁਮਾਰ ਅਤੇ ਕੁਲਦੀਪ ਸਿੰਘ ਨੰਬਰ 725/ਵ ਨੂੰ ਡੀ ਜੀ ਪੀ ਦਫਤਰ ਦੇ ਹੁਕਮ ਨੰਬਰ 8202/ਈ-(1) ਮਿਤੀ 14-10-2009 (ਕਾਪੀ ਨਾਲ ਨੱਥੀ ਹੈ) ਅਤੇ 8203/ਈ-(1) ਮਿਤੀ 14-10-09 ਨੂੰ ਮਹਿਕਮਾ ਵਾਇਰਲੈਸ ਵਿੱਚ ਬਤੌਰ ਸਾਲ 2003 ਤੋ ਇੰਸਪੈਕਟਰ ਰੈਂਕ ਪਰ ਤਰੱਕੀਯਾਬ ਕਰ ਦਿੱਤਾ ਹੈ।

ਇੱਥੇ ਇਹ ਗੱਲ ਦੱਸਣਯੋਗ ਹੈ ਕਿ ਮੈ ਸਾਲ 1989 ਵਿੱਚ ਏ ਐਸ ਆਈ ਤਾਇਨਾਤ ਸੀ,ਅਤੇ ਵਿਭੋਰ ਕੁਮਾਰ ਸਿਪਾਹੀ ਦੇ ਆਹੁੱਦੇ ਤੇ ਤਾਇਨਾਤ ਸੀ ਅਤੇ ਕੁਲਦੀਪ ਸਿੰਘ ਏ ਐਸ ਆਈ ਦੇ ਆਹੁੱਦੇ ਤੇ ਤਾਇਨਾਤ ਸੀ,ਇੱਥੇ ਇਹ ਵਰਣਨਯੋਗ ਹੈ ਕਿ ਮੈ ਐਸ ਸੀ ਕੈਟਾਗਿਰੀ ਨਾਲ ਸਬੰਧ ਰੱਖਦਾ ਹਾਂ ਅਤੇ ਉਕਤ ਦੋਨੇ ਜਨਰਲ ਕੈਟਾਗਿਰੀ ਨਾਲ ਸਬੰਧਤ ਹਨ,ਹੁਣ ਇਹਨਾ ਨੂੰ ਸਾਲ 2003 ਤੋ ਇੰਸਪੈਕਟਰ ਰੈਂਕ ਦੀ ਸੀਨੇਆਰਟੀ ਦੇ ਦਿੱਤੀ ਹੈ, ਅਤੇ ਮੈਨੂੰ ਸਾਲ 2002 ਵਿੱਚ ਐਸ ਆਈ ਬਣਾਇਆ ਗਿਆ,ਤੇ ਮੈ ਸਬ ਇੰਸਪੈਕਟਰ ਦਾ ਸਬ ਇੰਸਪੈਕਟਰ ਰਿਹਾ ਅਤੇ ਇਹਨਾ ਨੂੰ ਅਗਲੇ ਕੁੱਝ ਦਿਨਾ ਵਿੱਚ ਡੀ ਐਸ ਪੀ ਬਣਾ ਦਿੱਤਾ ਜਾਵੇਗਾ।ਮੈ ਇਹ ਵੱਡਾ ਸਦਮਾ ਬਰਦਾਸ਼ਤ ਨਹੀ ਕਰ ਸਕਦਾ।

**ਹੈਰਾਨੀਜਨਕ ਤੱਥ:-**

ਉਕਤ ਵਿਭੋਰ ਕੁਮਾਰ ਮਹਿਕਮਾ ਵਾਇਰਲੈਸ ਵਿੱਚ ਸਾਲ 1985 ਵਿੱਚ ਬਤੌਰ ਸਿਪਾਹੀ ਭਰਤੀ ਹੋਇਆ ਸੀ,1995 ਵਿੱਚ ਏ ਐਸ ਆਈ,ਸਾਲ 2001 ਵਿੱਚ ਮਹਿਕਮਾ ਇੰਟੈਲੀਜੈਂਸ ਵਿੱਚ ਅਡਹਾਕ ਸਬ ਇੰਸਪੈਕਟਰ ਜਿਸ ਦੀ ਬਾਅਦ ਵਿੱਚ ਸਾਲ 2001 ਵਿੱਚ ਹੀ ਰੈਗੂਲਰ ਸਬ ਇੰਸਪੈਕਟਰ ਦੀ ਸੀਨੇਆਰਟੀ ਦੇ ਦਿੱਤੀ ਅਤੇ ਸਾਲ 2003